# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
**ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ,

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ : ਸਸਅ/ਐਮਸੀ/2012/81352-81390
ਮਿਤੀ, ਚੰਡੀਗੜ੍ਹ 27-06-2012

**ਵਿਸ਼ਾ :-** **ਨੈਸ਼ਨਲ ਇੰਟੇਗਰੇਸ਼ਨ ਐਂਡ ਕਮਿਊਨਲ ਹਾਰਮੋਨੀ (National Integration and Communal Harmony ) ਸਬੰਧੀ ਲੇਖ ਮੁਕਾਬਲਾ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਭਾਰਤ ਸਰਕਾਰ ਦੇ ਗ੍ਰਿਹ ਮੰਤਰਾਲੇ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਸਕੂਲੀ ਵਿਦਿਆਰਥੀਆਂ ਲਈ ਨੌਵੀਂ ਤੋਂ ਬਾਰ੍ਹਵੀਂ ਜਮਾਤਾਂ ਵਿੱਚ ਪੜ੍ਹ ਰਹੇ ਸਕੂਲੀ ਵਿਦਿਆਰਥੀਆਂ ਵਿੱਚ ਕੌਮੀ ਅਖੰਡਤਾ ਅਤੇ ਸਮਾਜਿਕ ਜਾਗਰੂਕਤਾ ਲਿਆਉਣ ਲਈ ਲੇਖ ਮੁਕਾਬਲਾ ਕਰਵਾਇਆ ਜਾ ਰਿਹਾ ਹੈ।

2.1 **<u>ਥੀਮ :-</u>** ਜਿਸ ਦੀ ਮੁੱਖ ਥੀਮ ਨੈਸ਼ਨਲ ਇੰਟੇਗਰੇਸ਼ਨ ਐਂਡ ਕਮਿਊਨਲ ਹਾਰਮੋਨੀ ਹੈ।

2.2 **<u>ਮਾਧਿਅਮ:-</u>** ਇਸ ਮੁਕਾਬਲੇ ਦਾ ਮਾਧਿਅਮ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਹੋ ਸਕਦਾ ਹੈ।

2.3 **<u>ਮਿਤੀ ਅਤੇ ਦੇਖ-ਰੇਖ :-</u>** ਇਹ ਮੁਕਾਬਲਾ ਜ਼ਿਲ੍ਹਾ ਪੱਧਰ ਤੇ ਮਿਤੀ 28-07-2012 ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੇ ਦੇਖ-ਰੇਖ ਵਿੱਚ ਕਰਵਾਇਆ ਜਾਵੇਗਾ, ਜਿਸ ਦਾ ਨੋਡਲ ਅਫ਼ਸਰ ਸਬੰਧਤ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਹੋਵੇਗਾ।

2.4 **<u>ਇਨਾਮ :-</u>** ਜ਼ਿਲ੍ਹਾ ਪੱਧਰ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਭਾਰਤ ਸਰਕਾਰ ਦੇ ਗ੍ਰਿਹ ਮੰਤਰਾਲੇ ਵੱਲੋਂ 1000/- ਰੁਪਏ (ਇੱਕ ਹਜ਼ਾਰ ਰੁਪਏ), ਦੂਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ 600/- (ਛੇ ਸੋ ਰੁਪਏ) ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ 400/- ਰੁਪਏ (ਚਾਰ ਸੋ ਰੁਪਏ) ਦੇ ਨਗਦ ਭਾਰਤ ਸਰਕਾਰ ਵੱਲੋਂ ਦਿੱਤੇ ਜਾਣਗੇ। ਇਸ ਮੁਕਾਬਲੇ ਵਿੱਚੋਂ ਜ਼ਿਲ੍ਹਾ ਪੱਧਰ ਤੇ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ 02 ਅਕਤੂਬਰ, 2012 ਨੂੰ ਘੋਸ਼ਿਤ ਕੀਤੇ ਜਾਣਗੇ ਅਤੇ ਇਨਾਮਾਂ ਦੀ ਵੰਡ ਜ਼ਿਲ੍ਹਾ ਪੱਧਰ ਦੀ ਗਣਤੰਤਰ ਦਿਵਸ,2013 ਦੀ Republic Prade ਦੌਰਾਨ ਨਗਦ ਇਨਾਮ ਦਿੱਤੇ ਜਾਣਗੇ।

2.5 **ਟੀ.ਏ./ਡੀ.ਏ. :-** ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਆਉਣ ਜਾਣ ਦਾ ਅਸਲ ਬੱਸ ਕਿਰਾਏ ਤੋਂ ਇਲਾਵਾ 250/- ਤੋਂ ਇਲਾਵਾ ਖਾਣੇ ਅਤੇ ਠਹਿਰਨ ਦੇ ਪ੍ਰਬੰਧ ਲਈ ਦਿੱਤੇ ਜਾਣਗੇ। ਜ਼ਿਲ੍ਹਾ ਪੱਧਰ ਤੇ ਲੇਖ ਮੁਕਾਬਲੇ ਦੇ ਜੱਜਾਂ ਦੇ ਤਿੰਨ ਮੈਂਬਰੀ ਪੈਨਲ ਨੂੰ ਕੁੱਲ 1000/- ਰੁਪਏ ਮਾਣ ਭੱਤਾ ਭਾਰਤ ਸਰਕਾਰ ਵੱਲੋਂ ਦਿੱਤਾ ਜਾਵੇਗਾ। ਪ੍ਰਬੰਧਕੀ ਖਰਚਾ ਪ੍ਰਤੀ ਜ਼ਿਲ੍ਹਾ ਨੋਡਲ ਅਫ਼ਸਰ ਨੂੰ ਇਹ ਲੇਖ ਮੁਕਾਬਲਾ ਕਰਵਾਉਣ ਲਈ ਅਤੇ ਸਰਟੀਫਿਕੇਟ ਬਣਾਉਣ ਲਈ 500/- ਰੁਪਏ ਜ਼ਿਲ੍ਹਾ ਖਰਚਾ ਦਿੱਤਾ ਜਾਵੇਗਾ । ਇਸ ਲੇਖ ਮੁਕਾਬਲੇ ਨੂੰ ਕੰਡਕਟ ਕਰਨ ਉਪਰੰਤ ਜ਼ਿਲ੍ਹਾਵਾਈਜ਼ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ 24-08-2012 ਤੱਕ ਮੁੱਖ ਦਫ਼ਤਰ ਵਿਖੇ ਪਹੁੰਚਾਉਣਾ ਲਾਜ਼ਮੀ ਹੋਵੇਗਾ,ਤਾਂ ਜੋ ਜੇਤੂ ਵਿਦਿਆਰਥੀਆਂ ਦੇ ਨਾਂ ਸਮੇਂ ਸਿਰ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਭੇਜੇ ਜਾ ਸਕਣ। ਇਸ ਤੋਂ ਇਲਾਵਾ ਜ਼ਿਲ੍ਹੇ ਪੱਤਰ ਤੇ ਚੁਣੇ ਗਏ ਉੱਤਮ ਵਿਦਿਆਰਥੀਆਂ ਦੇ ਲੇਖ, regional ਜਾਂ ਨੈਸ਼ਨਲ ਅਖਬਾਰ ਵਿੱਚ publish ਕਰਵਾਏ ਜਾ ਸਕਦੇ ਹਨ। ਜਿਸ ਦੀ ਨਰੋਲ ਜ਼ਿਮੇਵਾਰੀ ਜ਼ਿਲ੍ਹਾ ਨੋਡਲ ਅਫ਼ਸਰ ਦੀ ਹੋਵੇਗੀ।

2.6 ਇਸ ਸਬੰਧੀ ਇਨਾਮਾਂ ਦੀ ਰਾਸ਼ੀ ਅਤੇ ਪ੍ਰਬੰਧ ਦੀ ਰਾਸ਼ੀ ਲੇਖ ਮੁਕਾਬਲਾ ਕਰਵਾਉਣ ਉਪਰੰਤ, ਜੇਤੂਆਂ ਦੇ ਨਾਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਭੇਜਣ ਉਪਰੰਤ ਪ੍ਰਾਪਤ ਹੋਵੇਗੀ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਸਹੀ/-**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**